# ਦਫਤਰ ਨਗਰ ਕੌਂਸਲ ਖਰੜ

Construction Copy
License
S. AV-1

ਵਲ

ਮੈਸ: ਸ਼ਿਵਾਲਿਕ ਸਾਈਟ ਪਲਾਨਰ ਪ੍ਰਾ: ਲਿਮਿ:,
ਕੋਠੀ ਨੰ. 57, ਫੇਜ 2,
ਐਸ.ਏ.ਐਸ. ਨਗਰ।

ਨੰ........1184..... ਮਿਤੀ...21-10-10

ਵਿਸ਼ਾ: Sector 125, Grater Mohali Punjab Shiwalik Avenue-I, ਰਕਬਾ ਝੁੰਗੀਆਂ, ਤਹਿ. ਖਰੜ, ਜਿਲ੍ਹਾ ਐਸ.ਏ.ਐਸ. ਨਗਰ ਦੇ ਨਕਸ਼ਿਆਂ ਦੀ ਤਕਨੀਕੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਵਲੋਂ ਦਿੱਤੇ Sector 125, Grater Mohali Punjab Shiwalik Avenue-1, ਰਕਬਾ ਝੁੰਗੀਆਂ, ਤਹਿ. ਖਰੜ, ਜਿਲ੍ਹਾ ਐਸ.ਏ.ਐਸ. ਨਗਰ ਦੇ ਗਰੁੱਪ ਹਾਊਸਿੰਗ ਦੇ ਨਕਸ਼ੇ ਵਧੀਕ ਮੁੱਖ ਨਗਰ ਯੋਜਨਾਕਾਰ, ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਮੀਮੋ ਨੰ. ਸੀਟੀਪੀ(ਸਸ)-10/ 1076 ਮਿਤੀ 6-10-2010 ਰਾਹੀਂ ਜਾਰੀ ਸ਼ਰਤਾਂ ਮੁਤਾਬਿਕ ਹੀ ਮਨਜ਼ੂਰ ਕੀਤੇ ਜਾਂਦੇ ਹਨ (ਨੱਥੀ ਮਨਜ਼ੂਰ ਕੀਤੇ ਨਕਸ਼ੇ)।

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਖਰੜ।

ਨੱਥੀ: ਮਨਜ਼ੂਰ ਕੀਤੇ ਨਕਸ਼ੇ।

ਸਥਾਨਕ ਸਰਕਾਰ ਵਿਭਾਗ, ਪੰਜਾਬ
(ਵੱਧੀਕ ਮੁੱਖ ਨਗਰ ਯੋਜਨਾਕਾਰ)

ਸੇਵਾ ਵਿਖੇ

ਕਾਰਜ ਸਾਧਕ ਅਫਸਰ,
ਨਗਰ ਕੌਸਲ, ਖਰੜ।

ਮੀਮੋ ਨੰ: ਸੀਟੀਪੀ(ਸਸ)-10/ 1076
ਮਿਤੀ: 6-10-2010

ਵਿਸ਼ਾ: ਨਗਰ ਕੌਸਲ ਖਰੜ ਵਿਖੇ ਜਮਾ ਹੋਏ ਸਿਵਾਲਿਕ ਐਵੀਨਿਊ-1 ਦੇ ਗਰੁਪ ਹਾਊਸਿੰਗ ਦੇ ਨਕਸ਼ੇ ਦੀ ਤਕਨੀਕੀ ਪ੍ਰਵਾਨਗੀ ਸਬੰਧੀ .

ਹਵਾਲਾ: ਆਪ ਜੀ ਦੇ ਦਫਤਰ ਦਾ ਪੱਤਰ ਨੰ : 447 ਮਿਤੀ 21-7-10.

ਉਪਰੋਕਤ ਵਿਸ਼ੇ ਅਧੀਨ ਨਕਸ਼ਾ ਸਰਕਾਰ ਪੱਧਰ ਤੇ ਵਿਚਾਰਿਆ ਗਿਆ ਹੈ। ਸਰਕਾਰ ਦੇ ਫੈਸਲੇ ਅਨੁਸਾਰ ਆਪ ਜੀ ਨੂੰ ਇਹ ਰਾਇ ਦਿੱਤੀ ਜਾਂਦੀ ਹੈ ਕਿ ਨਕਸ਼ਾ ਪਾਸ ਕਰਨ ਤੋਂ ਪਹਿਲਾਂ ਨਕਸ਼ੇ ਅੰਦਰ ਹੇਠ ਲਿਖਿਆਂ ਸੋਧਾਂ ਕਰਵਾ ਲਈਆ ਜਾਣ, ਵੈਰੀਫਿਕੇਸ਼ਨਾਂ ਕਰ ਲਈਆਂ ਜਾਣ ਅਤੇ ਦਸਤਾਵੇਜਾਂ ਦੀ ਪੂਰਤੀ ਕਰਵਾ ਲਈ ਜਾਵੇ:-

1) ਮਲਕੀਤੀ ਦਸਤਾਵੇਜ ਨਗਰ ਕੌਸਲ ਪੱਧਰ ਤੇ ਵੈਰੀਫਾਈ ਕਰ ਲਏ ਜਾਣ, ਵਿਸ਼ੇ ਅਧੀਨ ਸਾਈਟ ਤਜਵੀਜੀ ਬਿਲਡਿੰਗ ਕਿਸੇ ਸਟੇਟ ਗੋ:/ ਸੈਂਟਰ ਗੋ: ਵਲੋ ਨੋਟੀਫਾਈਡ ਕੰਟਰੋਲ ਰਕਬੇ, ਰਾਖਵੇ ਰਕਬੇ ਜਾਂ ਕਿਸੇ ਵਰਜਿਤ ਰਕਬੇ ਅਧੀਨ ਨਾ ਆਉਦੀ ਹੋਵੇ ਅਤੇ ਇਸ ਸਬੰਧ ਵਿਚ ਜੇਕਰ ਕਿਸੇ ਵਿਭਾਗ/ ਅਥਾਰਟੀ ਤੋ ਪ੍ਰਵਾਨਗੀ/ਐਨ.ਓ.ਸੀ ਲੋੜੀਦਾ ਹੋ ਅਤੇ ਅਜੇ ਤੱਕ ਜੇਕਰ ਪ੍ਰਾਪਤ ਨਹੀ ਕੀਤਾ ਤਾਂ ਪ੍ਰਾਪਤ ਕਰ ਲਿਆ ਜਾਵੇ।
2) ਇਹ ਸਾਈਟ ਕਿਸੇ ਅਜਿਹੀ ਅਨ-ਅਧਿਕਾਰਤ ਕਲੋਨੀ ਵਿਚ ਨਾ ਪੈਂਦੀ ਹੋਵੇ ਜੋ ਕਿ ਸਰਕਾਰ ਵਲੋ ਜਾਰੀ ਹਦਾਇਤਾਂ ਮੀਮੋ ਨੰ: ਸੀ.ਟੀ.ਪੀ (ਐਲ.ਜੀ) - ਪੀ.ਓ (ਵਾਈ) - 2004/ 360-370 ਮਿਤੀ 10-2-2004 ਵਿਚ ਕਵਰ ਨਾ ਹੁੰਦੀ ਹੋਵੇ, ਫਾਇਰ ਵਿਭਾਗ ਦਾ ਐਨ.ਓ.ਸੀ ਅਤੇ ਸਰਕਾਰ ਦੀ ਨੋਟੀਫਿਕੇਸਨ ਅਨੁਸਾਰ ਇੰਨਵਾਇਰਮੈਂਟ ਸਬੰਧੀ ਇੰਨਵਾਇਰਮੈਂਟ ਕਲੀਅਰੈਂਸ ਲੈ ਲਈ ਜਾਵੇ ਅਤੇ ਸਰਕਾਰ ਦੀਆਂ ਹਦਾਇਤਾਂ ਮੀਮੋ ਨੰ: ਸੀਟੀਪੀ-ਐਲਜੀ-ਏਟੀਪੀ-ਜੀ-07/1513-23 ਮਿਤੀ 18-12-07 ਅਨੁਸਾਰ ਸਬੰਧਤ ਇੰਸਟੀਚਿਊਟ ਤੋ ਸਟਰਚਕਰ ਸੇਫਟੀ ਸਰਟੀਫਿਕੇਟ ਲੈ ਲਿਆ ਜਾਵੇ।

ਬਲਰਾਜ ਸਿੰਘ
ਵਾਸਤੇ ਵੱਧੀਕ ਮੁੱਖ ਨਗਰ ਯੋਜਨਾਕਾਰ (ਸਸ)